Punjabi Gurmukhi

Dial-Mag CANADA

# Dialysate Magnesium Trial

## ਤੁਹਾਨੂੰ ਕੀ ਜਾਨਣ ਦੀ ਲੋੜ ਹੈ

**2 MILLION** people worldwide

ਆਪਣੀ ਸਿਹਤ ਬਰਕਰਾਰ ਰੱਖਣ ਲਈ ਦੁਨੀਆਂ ਭਰ `ਚ 2 ਮਿਲੀਅਨ ਲੋਕ ਡਾਇਆਲਾਸਿਸ `ਤੇ ਨਿਰਭਰ ਕਰਦੇ ਹਨ।

ਖ਼ੂਨ ਵਿੱਚੋਂ ਵਾਧੂ ਤਰਲ ਪਦਾਰਥ ਅਤੇ ਰਹਿੰਦ-ਖੂੰਹਦ ਕੱਢਣ ਲਈ ਡਾਇਆਲਾਸਿਸ ਦੀ ਲੋੜ ਹੁੰਦੀ ਹੈ।

ਡਾਇਆਲਾਸਿਸ ਵਿੱਚ ਵਰਤੇ ਜਾਣ ਵਾਲੇ ਤਰਲ ਨੂੰ ਡਾਇਆਲਾਸੇਟ ਕਿਹਾ ਜਾਂਦਾ ਹੈ। ਡਾਇਆਲਾਸੇਟ ਵਿੱਚ ਮੈਗਨੀਸ਼ੀਅਮ ਹੁੰਦਾ ਹੈ – ਜੋ ਇੱਕ ਜ਼ਰੂਰੀ ਤੱਤ ਹੈ ਅਤੇ ਦਿਲ, ਪੱਠਿਆਂ, ਅਤੇ ਹੱਡੀਆਂ ਦੀ ਸਿਹਤ ਮਜ਼ਬੂਤ  ਕਰਦਾ ਹੈ।

ਡਾਇਆਲਾਸਿਸ ਦੌਰਾਨ ਸਰੀਰ ਵਿੱਚੋਂ ਕੁਝ ਮੈਗਨੀਸ਼ੀਅਮ ਨਿਕਲ ਜਾਂਦਾ ਹੈ। ਡਾਇਆਲਾਸੇਟ ਵਿੱਚ ਮੈਗਨੀਸ਼ੀਅਮ ਸ਼ਾਮਿਲ ਕਰਨ ਨਾਲ ਇਹ ਘਾਟ ਪੂਰੀ ਕਰਨ ਵਿੱਚ ਮਦਦ ਮਿਲਦੀ ਹੈ।

ਤੁਹਾਡੀ ਸਿਹਤ-ਸੰਭਾਲ ਟੀਮ ਇਹ ਜਾਣਨਾ ਚਾਹੁੰਦੀ ਹੈ ਕਿ ਡਾਇਆਲਾਸੇਟ ਵਿੱਚ ਮੈਗਨੀਸ਼ੀਅਮ ਦੀ ਕਿੰਨੀ  ਮਾਤਰਾ ਮਰੀਜ਼ ਦੀ ਸਿਹਤ ਲਈ ਸਭ ਤੋਂ ਵੱਧ ਫਾਇਦੇਮੰਦ ਹੈ।

ਇਹ ਟਰਾਇਲ  ਗੁਰਦੇ ਦੇ ਮਾਹਿਰਾਂ, ਹਸਪਤਾਲ ਦੇ ਪ੍ਰਬੰਧਕਾਂ, ਖੋਜਕਰਤਾਵਾਂ ਅਤੇ ਡਾਇਆਲਾਸਿਸ ਪ੍ਰਾਪਤ ਕਰਨ ਵਾਲੇ ਮਰੀਜ਼ਾਂ ਦੁਆਰਾ ਤਿਆਰ ਕੀਤਾ ਗਿਆ ਸੀ।

ਇਸ ਕੇਂਦਰ ਵਿੱਚ ਦੇਖਭਾਲ ਪ੍ਰਾਪਤ ਕਰਨ ਵਾਲੇ ਸਾਰੇ ਮਰੀਜ਼ ਟਰਾਇਲ ਦਾ ਹਿੱਸਾ ਹਨ (ਕੈਨੇਡਾ ਭਰ ਵਿੱਚ 150 ਤੋਂ ਵੱਧ ਭਾਗੀਦਾਰ ਕੇਂਦਰਾਂ ਦੇ ਨਾਲ)

ਇਹ ਟਰਾਇਲ ਕੈਨੇਡਾ ਵਿੱਚ ਦੇਖਭਾਲ ਦੇ ਮਿਆਰ ਵਜੋਂ ਵਰਤਮਾਨ ਵਿੱਚ ਵਰਤੇ ਜਾਂਦੇ ਡਾਇਆਲਾਸੇਟ ਵਿਚਲੇ ਮੈਗਨੀਸ਼ੀਅਮ ਦੇ ਗਾੜ੍ਹੇਪਣ ਦੀ ਤੁਲਨਾ ਕਰੇਗਾ।

ਇਸ ਟਰਾਇਲ ਲਈ ਲਗਭਗ ਸਾਰੀ ਜਾਣਕਾਰੀ ਤੁਹਾਡੀ ਰੈਗੂਲਰ ਦੇਖਭਾਲ ਦੇ ਹਿੱਸੇ ਵਜੋਂ ਤੁਹਾਡੀ ਸਿਹਤ-ਸੰਭਾਲ ਟੀਮ ਦੁਆਰਾ ਇਕੱਠੀ ਕੀਤੀ ਜਾਵੇਗੀ।

ਭਾਗ ਲੈਣ ਵਾਲੇ ਹੀਮੋਡਾਇਆਲਿਸਸ ਕੇਂਦਰਾਂ ਤੋਂ ਜ਼ਿਆਦਾਤਰ ਜਾਣਕਾਰੀ ਉਪਲਬਧ ਵੱਡੇ ਸਿਹਤ ਸੰਭਾਲ ਡੇਟਾਬੇਸਾਂ ਤੋਂ ਆਵੇਗੀ ਜਿਨ੍ਹਾਂ ਦੀਆਂ ਗੋਪਨੀਯਤਾ ਅਤੇ ਸੁਰੱਖਿਆ ਨੀਤੀਆਂ ਉੱਚੇ ਮਿਆਰਾਂ ਦੀ ਪਾਲਣਾ ਕਰਦੀਆਂ ਹਨ।

ਟਰਾਇਲ  ਕਈ ਸਾਲਾਂ ਤੱਕ ਚੱਲਣ ਦੀ ਉਮੀਦ ਹੈ।

ਇਸ ਕੇਂਦਰ ਵਿੱਚ ਸਾਰੇ ਮਰੀਜ਼ਾਂ ਨੂੰ ਉਹੀ ਡਾਇਆਲਾਸੇਟ ਮੈਗਨੀਸ਼ੀਅਮ ਦੇ ਗਾੜ੍ਹੇਪਣ ਦੀ ਮਾਤਰਾ ਪ੍ਰਾਪਤ ਹੋਵੇਗੀ, ਜਦੋਂ ਤੱਕ ਉਨ੍ਹਾਂ ਦੇ ਡਾਕਟਰ ਦੁਆਰਾ ਕੋਈ ਹੋਰ ਸਿਫਾਰਸ਼ ਨਹੀਂ ਕੀਤੀ ਜਾਂਦੀ।

## ਸਾਡੀ ਖੋਜ ਟੀਮ ਮਰੀਜ਼ਾਂ ਦੇ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਵਾਲੇ ਲੱਛਣਾਂ ਤੋਂ ਰਾਹਤ ਲੱਭਣ ਵਿੱਚ ਮਦਦ ਕਰਨਾ ਚਾਹੁੰਦੀ ਹੈ।

ਪੱਠਿਆਂ ਵਿੱਚ ਕੜਵੱਲ - ਸਰੀਰ ਵਿੱਚ ਕਿਤੇ ਵੀ ਅਚਾਨਕ ਪੱਠਿਆਂ ਦਾ ਦਰਦਨਾਕ ਸੁੰਗੜਨਾ ਜਾਂ ਕੜਵੱਲ - ਡਾਇਆਲਾਸਿਸ ਦਾ ਇੱਕ ਨਾਖੁਸ਼ਗਵਾਰ ਪ੍ਰਭਾਵ ਹੋ ਸਕਦਾ ਹੈ। ਪੱਠਿਆਂ ਦੇ ਕੜਵੱਲ ਪੈਣ ਦੇ ਕਾਰਨਾਂ ਬਾਰੇ  ਬਹੁਤਾ ਪਤਾ ਨਹੀਂ ਹੈ।

ਹੀਮੋਡਾਇਆਲਿਸਿਸ ਦੇ ਮਰੀਜ਼ਾਂ `ਤੇ ਪੈਣ ਵਾਲ਼ੇ ਪੱਠਿਆਂ ਦੇ ਕੜਵੱਲਾਂ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਸਮਝਣ ਲਈ ਤੁਹਾਨੂੰ ਸਾਲ ਵਿੱਚ ਕਈ ਵਾਰ ਇਹ ਬਿਆਨ ਕਰਨ ਲਈ ਇੱਕ ਸਵਾਲ ਦਾ ਜਵਾਬ ਦੇਣ ਦਾ ਮੌਕਾ ਦਿੱਤਾ ਜਾਵੇਗਾ ਕਿ ਪਿਛਲੇ ਹਫ਼ਤੇ ਦੌਰਾਨ ਪੱਠਿਆਂ ਦੇ ਕੜਵੱਲ ਨੇ ਤੁਹਾਨੂੰ, ਔਸਤਨ,  ਕਿੰਨੀ ਪਰੇਸ਼ਾਨੀ ਦਿੱਤੀ ਸੀ (0 ਤੋਂ 10 ਦੇ ਪੈਮਾਨੇ 'ਤੇ)।

ਰੁਟੀਨ ਵਾਲ਼ੀ ਦੇਖਭਾਲ ਦੇ ਹਿੱਸੇ ਤੋਂ ਇਲਾਵਾ ਇਸ ਸਵਾਲ ਦਾ ਜਵਾਬ ਦੇਣਾ ਸਵੈ-ਇੱਛਤ ਹੈ ਅਤੇ ਖੋਜ ਦੇ ਉਦੇਸ਼ਾਂ ਲਈ ਨਿੱਜੀ ਤੌਰ 'ਤੇ ਪਛਾਣ ਕਰਨ ਵਾਲੀ ਕੋਈ ਵੀ ਜਾਣਕਾਰੀ ਇਕੱਠੀ ਨਹੀਂ ਕੀਤੀ ਜਾਵੇਗੀ। ਤੁਸੀਂ ਜ਼ੁਬਾਨੀ ਤੌਰ 'ਤੇ ਸਹਿਮਤ ਹੋ ਸਕਦੇ ਹੋ ਜਾਂ ਸਵਾਲ ਦਾ ਜਵਾਬ ਨਾ ਦੇਣਾ ਚੁਣ ਸਕਦੇ ਹੋ। ਤੁਹਾਡਾ ਫੈਸਲਾ ਤੁਹਾਡੀ ਦੇਖਭਾਲ ਦੀ ਗੁਣਵੱਤਾ ਨੂੰ ਪ੍ਰਭਾਵਿਤ ਨਹੀਂ ਕਰੇਗਾ।

ਨਵੀਂ ਦਵਾਈ ਜਾਂ ਸਪਲੀਮੈਂਟ  ਸ਼ੁਰੂ ਕਰਨ ਤੋਂ ਪਹਿਲਾਂ ਹਮੇਸ਼ਾ ਆਪਣੇ ਡਾਕਟਰ, ਨਰਸ ਜਾਂ ਹੋਰ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਡਾਇਲਸਿਸ ਕੇਅਰ ਡਾਕਟਰ ਨਾਲ ਗੱਲ ਕਰੋ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਇਸ ਟਰਾਇਲ  ਦੇ ਸੰਭਾਵੀ ਲਾਭ ਕੀ ਹਨ?

ਇਹ ਟਰਾਇਲ ਮਰੀਜ਼ ਦੀ ਸਿਹਤ ਲਈ ਸਭ ਤੋਂ ਵੱਧ ਲਾਹੇਵੰਦ ਡਾਇਆਲਾਸੇਟ ਮੈਗਨੀਸੀਅਮ ਦੇ ਗਾੜ੍ਹੇਪਣ ਦੀ ਮਾਤਰਾ ਲੱਭਣ ਵਿੱਚ ਮਦਦ ਕਰ ਸਕਦੀ ਹੈ। ਇਹ ਫਿਰ ਇਸ ਡਾਇਆਲਾਸਿਸ ਕੇਂਦਰ ਅਤੇ ਦੁਨੀਆ ਭਰ ਦੇ ਕੇਂਦਰਾਂ ਵਿੱਚ ਵਰਤੀ ਜਾਣ ਵਾਲੀ ਮਿਆਰੀ ਨੀਤੀ ਬਣ ਸਕਦੀ ਹੈ, ਜੋ ਦਿਲ ਦੀ ਬਿਮਾਰੀ, ਫ੍ਰੈਕਚਰ, ਅਤੇ ਪੱਠਿਆਂ ਦੇ ਕੜਵੱਲਾਂ ਨੂੰ ਘਟਾ ਕੇ ਮਰੀਜ਼ਾਂ ਦੀ ਲੰਬੀ ਉਮਰ ਭੋਗਣ ਵਿੱਚ ਮਦਦ ਕਰ ਸਕਦੀ ਹੈ।

### ਇਸ ਟਰਾਇਲ ਦਾ ਹਿੱਸਾ ਬਣਨ ਦੇ ਸੰਭਾਵੀ ਖਤਰੇ ਕੀ ਹਨ?

ਜਿਨ੍ਹਾਂ ਡਾਇਆਲਾਸੇਟ ਮੈਗਨੀਸੀਅਮ ਵਿਚਲੇ ਗਾੜ੍ਹੇਪਣਾਂ ਦੀ ਇਸ ਟਰਾਇਲ ਵਿੱਚ ਤੁਲਨਾ ਕੀਤੀ ਜਾਵੇਗੀ ਉਹ ਕੈਨੇਡਾ ਵਿੱਚ ਮੌਜੂਦਾ ਕਲੀਨਿਕਲ ਅਭਿਆਸ ਵਿੱਚ ਵਰਤੇ ਜਾਂਦੇ ਹਨ, ਅਤੇ ਇਸ ਲਈ ਇਸ ਟਰਾਇਲ  ਵਿੱਚ ਹਿੱਸਾ ਲੈਣਾ ਡਾਇਆਲਾਸਿਸ ਇਲਾਜਾਂ ਲਈ ਕਿਸੇ ਹੋਰ ਕੇਂਦਰ ਵਿੱਚ ਜਾਣ ਨਾਲੋਂ ਵੱਖਰਾ ਨਹੀਂ ਹੈ (ਕਿਉਂਕਿ ਵੱਖ-ਵੱਖ ਕੇਂਦਰ ਵੱਖ-ਵੱਖ ਡਾਇਲਿਸੇਟ ਮੈਗਨੀਸੀਅਮ ਵਿਚਲੇ ਗਾੜ੍ਹੇਪਣ ਦੀ ਵਰਤੋਂ ਕਰ ਸਕਦੇ ਹਨ)।

### ਕੀ ਮੇਰੇ ਨਿਯਮਤ ਹੀਮੋਡਾਇਆਲਸਿਸ ਸੈਸ਼ਨ ਬਦਲ ਜਾਣਗੇ ਕਿਉਂਕਿ ਇਹ ਕੇਂਦਰ ਟਰਾਇਲ  ਵਿੱਚ ਹਿੱਸਾ ਲੈ ਰਿਹਾ ਹੈ?

ਇਹ ਟਰਾਇਲ ਤੁਹਾਡੀ ਮਿਆਰੀ ਦੇਖਭਾਲ ਦਾ ਹਿੱਸਾ ਬਣਨ ਲਈ ਤਿਆਰ ਕੀਤੀ ਗਈ ਹੈ, ਇਸ ਲਈ ਤੁਸੀਂ ਸੰਭਾਵਤ ਤੌਰ 'ਤੇ ਆਪਣੇ ਨਿਯਮਤ ਹੀਮੋਡਾਇਆਲਿਸਸ ਸੈਸ਼ਨਾਂ ਵਿੱਚ ਬਿਲਕੁਲ ਮਾਮੂਲੀ ਜਿਹਾ ਜਾਂ ਫਿਰ ਕੋਈ ਬਦਲਾਅ ਨਹੀਂ ਵੇਖੋਗੇ।